# ਪਗਲਾ

(ਨਾਟਕ ਸ਼ੁਰੂ ਹੋਣ 'ਤੇ ਇਕ ਪਾਸੇ ਮਕਾਨ ਮਾਲਿਕ ਬੈਠਾ ਹੈ, ਦੂਜੇ ਪਾਸੇ ਤੋਂ ਕੈਸੋ ਰਾਮ ਦਾਖ਼ਲ ਹੁੰਦਾ ਹੈ। ਕੈਸੋ ਰਾਮ ਥੈਲੇ ਵਿਚ ਮੂੰਗਫਲੀ ਵੇਚਣ ਵਾਲਾ ਗਰੀਬ ਬੰਦਾ ਹੈ, ਆਉਂਦਾ ਹੈ।)

ਕੇਸੋ ਰਾਮ : ਮੇਰੇ ਲਈ ਅੱਜ ਦਾ ਦਿਨ ਚੰਗਾ ਨਹੀਂ ਚੜ੍ਹਿਆ। ਮੈਂ ਮਕਾਨ ਮਾਲਿਕ ਤੋਂ ਦੋ ਮਹੀਨੇ ਦਾ ਕਿਰਾਇਆ ਦੇਣ ਦੀ ਮੋਹਲਤ ਲੈਣ ਲਈ ਉਹਦੇ ਥੜ੍ਹੇ 'ਤੇ ਗਿਆ। ਮੇਰਾ ਖਿਆਲ ਸੀ ਕਿ ਮੇਰੀ ਖਸਤਾ ਹਾਲਤ ਦੇਖ ਕੇ ਉਹ ਮੈਨੂੰ ਮੋਹਲਤ ਦੇ ਦੇਵੇਗਾ ਪਰ ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ ਉਹ ਆਪ ਹੀ ਬੋਲ ਉੱਠਿਆ...

ਸੇਠ : ਕਿਉਂ ਕੇਸੋ ਰਾਮ ਦੋ ਮਹੀਨਿਆਂ ਦਾ ਕਿਰਾਇਆ ਲਿਆਇਆਂ ? ਨਹੀਂ ਲਿਆਇਆ... ਕਹਿ ਦੇ ਕਿ ਮੇਰੀ ਬੀਵੀ ਬਿਮਾਰ ਸੀ। ਉਹ ਮੇਰੇ ਬੱਚੇ ਨੂੰ ਜਨਮ ਦੇਣ ਵਾਲੀ ਹੈ। ਤੇਰਾ ਵੱਡਾ ਮੁੰਡਾ ਬਿਮਾਰ ਹੈ ਤੇ ਛੋਟੇ ਮੁੰਡੇ ਨੂੰ ਬੁਖਾਰ ਹੈ... ਪਹਿਲੇ ਸੂਰਨੀਆਂ ਵਾਂਗੂ ਜੰਮਦੀਆਂ ਜਾਂਦੀਆਂ ਨੇ ਤੇ ਫਿਰ ਬਿਮਾਰ ਹੋ ਜਾਂਦੀਆਂ ਨੇ... ਮੇਰਾ ਕਿਰਾਇਆ ਦੇ ਦਿਓ ਨਹੀਂ ਤਾਂ ਤੇਰੀ ਟਿੰਡ ਫੂਹੜੀ ਚੁਕਵਾ ਕੇ ਬਾਹਰ ਸੁਟਵਾ ਦਿਆਂਗਾ ਤੇ ਤੇਰਾ ਤੀਜਾ ਬੱਚਾ ਸੜਕ 'ਤੇ ਹੀ ਜੰਮੇਗਾ।

ਕੇਸੋ ਰਾਮ : ਮੈਂ ਉਹਦੇ ਥੜ੍ਹੇ ਤੋਂ ਥੱਲੇ ਆ ਗਿਆ, ਉਹਨੇ ਮੈਨੂੰ ਗਾਲ੍ਹ ਕੱਢ ਦਿੱਤੀ ਤੇ ਮੇਰੀ ਬੀਵੀ ਨੂੰ ਸੂਰਨੀ ਆਖ ਦਿੱਤਾ ਹੈ, ਕੀ ਮੈਂ ਉਹਦਾ ਕੁਝ ਕਰ ਸਕਦਾਂ ?

ਇਹ ਸਵਾਲ ਬਾਰ-ਬਾਰ ਮੈਨੂੰ ਪ੍ਰੇਸ਼ਾਨ ਕਰ ਰਿਹਾ ਹੈ। ਮੈਂ ਇਸ ਦਾ ਜਵਾਬ ਕਿਥੋਂ ਲੱਭਾਂ ? ਇਕ ਬਾਬੂ...ਜੋ...ਘੜੀ ਦੇਖਦਾ ਜਾ ਰਿਹਾ ਇਹਦੇ ਕੋਲ ਮੇਰੇ ਸਵਾਲ ਦਾ ਜਵਾਬ ਜ਼ਰੂਰ ਹੋਵੇਗਾ...ਕੀ ਇਨ੍ਹਾਂ ਸੇਠਾਂ ਦੀਆਂ ਬੀਵੀਆਂ ਬੱਚੇ ਨਹੀਂ ਜੇ...ਤਾਂ ਉਹ ਸੂਰਨੀ ਆ

ਕੇਸੋ ਰਾਮ : ਬਾਬੂ ਜੀ

ਬਾਬੂ : ਕੀ ਗੱਲ ਆ ਬਈ ?

ਕੇਸੋ ਰਾਮ : ਬਾਬੂ ਜੀ ਤੁਹਾਡੇ ਕੋਲੋਂ ਸਵਾਲ ਪੁੱਛਦਾ

ਬਾਬੂ : ਜਲਦੀ ਪੁੱਛ ਮੈਨੂੰ ਦਫ਼ਤਰ ਜਾਣ ਨੂੰ ਕਾਹਲ ਹੈ, ਉਹ ਜਿਹੜਾ ਸੇਠ ਬੈਠਾ ਹੈ ਉਹਨੇ ਮੈਨੂੰ ਗਾਲ੍ਹ ਕੱਢੀ ਹੈ ਮੇਰੀ ਬੀਵੀ ਨੂੰ ਸੂਰਨੀ

ਆਖਿਆ। ਕੀ ਮੈਂ ਉਸਦਾ ਕੁਝ ਕਰ ਸਕਦਾ

ਮੈਂ ਉਹਦੀ ਕੋਠੜੀ ਦਾ ਦੋ ਮਹੀਨੇ ਦਾ ਕਿਰਾਇਆ ਨਹੀਂ ਦੇ ਸਕਿਆ।ਅਗੇ ਹਮੇਸ਼ਾਂ ਦੇਂਦਾ ਹੀ ਰਿਹਾਂ।30 ਰੁਪਏ ਦੀ ਗੱਲ।ਉਹਨੇ ਮੈਨੂੰ ਗਾਲ੍ਹ ਕੱਢ ਦਿੱਤੀ ਕੀ ਮੈਂ ਉਸਦਾ ਕੁਝ ਕਰ ਸਕਦਾਂ।

ਬਾਬੂ : ਓਏ ਕੀ ਬੇਹੂਦਾ ਸਵਾਲ ਹੈ ਮੈਂ ਦਫ਼ਤਰ ਜਾਣ ਤੋਂ ਅੱਗੇ ਹੀ ਲੇਟ ਹੋ ਰਿਹਾ। ਇਹਨੇ ਮੇਰਾ ਟਾਇਮ ਖਰਾਬ ਕਰ ਦਿੱਤਾ।

ਕੇਸੋ ਰਾਮ : ਬਾਬੂ ਚਲਾ ਗਿਆ, ਉਹਦੇ ਕੋਲ ਮੇਰੇ ਸਵਾਲ ਦਾ ਜਵਾਬ ਨਹੀਂ, ਉਹ ਦਫ਼ਤਰ ਤੋਂ ਲੇਟ ਹੋ ਗਿਆ ਤਾਂ ਉਹਨੂੰ ਅਫ਼ਸਰ ਕੋਲੋਂ ਗਾਲ੍ਹ ਹੀ ਪੈ ਸਕਦੀ ਹੈ ਤੇ ਮੇਰੇ ਵਾਂਗ ਉਹ ਵੀ ਪੁੱਛਦਾ ਫਿਰੇਗਾ ਕਿ ਕੀ ਮੈਂ ਅਫ਼ਸਰ ਦਾ ਕੁਝ ਕਰ ਸਕਦਾ।ਉਹ ਨਹੀਂ ਕਰ ਸਕਦਾ ਕਿਉਂਕਿ ਜੇਕਰ ਉਹ ਕੁਝ ਕਹੇਗਾ ਤਾਂ ਉਹਨੂੰ ਨੌਕਰੀ ਤੋਂ ਜਵਾਬ ਹੋ ਜਾਏਗਾ। ਉਹਦੇ ਬਾਲ ਬੱਚੇ ਭੁੱਖੇ ਮਰ ਜਾਣਗੇ ਉਹ ਵੀ ਮੇਰੇ ਵਾਂਗ ਸੜਕ ’ਤੇ ਆ ਜਾਏਗਾ। (ਆਪਣੇ ਆਪ ਨਾਲ) ਪਰ ਉਸ ਸੇਠ ਨੇ ਮੈਨੂੰ ਗਾਲ੍ਹ ਕਿਉਂ ਕੱਢੀ, ਇਹਦਾ ਜਵਾਬ ਮੈਂ ਜ਼ਰੂਰ ਲੱਭਾਂਗਾ। ਮੈਂ ਜਦੋਂ ਛੋਟਾ ਜਿਹਾ ਸਾਂ ਤਾਂ ਮੈਂ ਆਪਣੇ ਬਾਪੂ ਕੋਲੋਂ ਸਵਾਲ ਪੁੱਛਦਾ ਸੀ ਜਿਹੜੀ ਖੰਨਾ ਸਾਹਿਬ ਦਾ ਬੇਟਾ ਹੈ ਉਹ ਸਵੇਰੇ ਬਸਤਾ ਚੱਕ ਕੇ ਪਾਣੀ ਦੀ ਬੋਤਲ ਲੈ ਕੇ ਸਕੂਲ ਜਾਂਦਾ ਹੈ ਮੈਂ ਕਿਉਂ ਨਹੀਂ ਜਾਂਦਾ, ਉਹ ਸਕੂਲ ਦੀ ਵਰਦੀ ਪਾ ਕੇ ਜਾਂਦਾ, ਟਾਈ ਲਾ ਕੇ ਜਾਂਦਾ ਹੈ, ਮੇਰੇ ਕਮੀਜ਼ ਦੇ ਬਟਨ ਕਿਉਂ ਟੁੱਟੇ ਨੇ ? ਬਾਪੂ ਮੇਰੇ ਵੱਲ ਵੇਖਦਾ ਪਰ ਕੋਈ ਜ਼ਵਾਬ ਨਾ ਦੇ ਸਕਦਾ ਕਿਉਂਕਿ ਉਹਦੇ ਕੋਲ ਮੇਰੇ ਸਵਾਲ ਦਾ ਕੋਈ ਜਵਾਬ ਨਹੀਂ ਸੀ, ਉਹ ਸਵਾਲ ਮੈਨੂੰ ਪ੍ਰੇਸ਼ਾਨ ਕਰਦਾ। ਜਦੋਂ ਮੈਂ ਥੋੜਾ ਵੱਡਾ ਹੋਇਆ, ਮੇਰਾ ਬਾਪ ਬਿਮਾਰ ਰਹਿਣ ਲੱਗਾ ਤੇ ਇਕ ਦਿਨ ਸਾਨੂੰ ਹਮੇਸ਼ਾਂ ਲਈ ਛੱਡ ਕੇ ਚਲਾ ਗਿਆ। ਜਿਹੜੀ ਸਾਡੇ ਕੋਲ ਥੋੜੀ ਜਿਹੀ ਪੂੰਜੀ ਸੀ ਮੇਰੀ ਮਾਂ ਉਹਦੇ ਨਾਲ ਇਕ ਬੋਰੀ ਭੁੱਜੀ ਮੁੰਗਫਲੀ ਦੀ ਲੈ ਆਈ। ਮੈਂ ਤੇ ਮਾਂ ਸਾਰੀ-ਸਾਰੀ ਰਾਤ ਮੁੰਗਫਲੀ ਦੇ ਛੋਟੇ ਲਿਫਾਫੇ ਬਣਾਉਂਦੇ ਰਹਿੰਦੇ।ਮੈਂ ਹਿਸਾਬ ਲਾਉਂਦਾ, ਇਕ ਬੋਰੀ ਤੋਂ ਕਿੰਨੇ ਲਿਫਾਫੇ ਬਨਣਗੇ ਤੇ ਕਿੰਨੇ ਪੈਸੇ ਬਚਣਗੇ। ਫੇਰ ਉਨ੍ਹਾਂ ਲਿਫਾਫਿਆਂ ਨੂੰ ਥੈਲੇ ਵਿਚ ਭਰ ਕੇ ਲਾਲ ਬੱਤੀ ਵਾਲੇ ਚੌਂਕ ’ਤੇ ਖੜ ਜਾਂਦਾ। ਪੜ੍ਹਾਈ ਤਾਂ ਮੇਰੀ ਵਿਚ ਹੀ ਛੁੱਟ ਗਈ ਸੀ, ਮੈਂ ਉਡੀਕਦਾ ਰਹਿੰਦਾ ਕਦੋਂ ਲਾਲ ਬੱਤੀ ਹੋਵੇ ਤੇ ਮੇਰਾ ਇਕ ਲਿਫਾਫਾ ਵਿਕੇ।ਇਕ ਦਿਨ ਕਾਰ ਰੁਕੀ, ਉਹਦੇ ਵਿਚ ਇਕ ਬੱਚਾ ਕਾਰ ਵਿਚ ਆਪਣੀ ਮਾਂ ਨਾਲ ਬੈਠਾ ਸੀ, ਬੱਚੇ ਨੇ ਮੰਮੀ ਤੋਂ ਪੁੱਛਿਆ ਮੰਮੀ ਇਹ

ਬੱਚਾ ਮੂੰਗਫਲੀ ਕਿਉਂ ਵੇਚਦਾ, ਸਕੂਲ ਕਿਉਂ ਨਹੀਂ ਜਾਂਦਾ? ਉਹਦੀ ਮੰਮੀ ਨੇ ਕੀ ਜਵਾਬ ਦਿੱਤਾ, ਇਹ ਤੇ ਮੈਨੂੰ ਪਤਾ ਨਹੀਂ ਕਿਉਂਕਿ ਹਰੀ ਬੱਤੀ ਹੋ ਗਈ ਸੀ ਤੇ ਕਾਰ ਚਲੀ ਗਈ ਸੀ। ਪਰ ਸੇਠ ਨੇ ਮੈਨੂੰ ਗਾਲ੍ਹ ਕਿਉਂ ਕੱਢੀ, ਇਸ ਦਾ ਜਵਾਬ ਮੈਂ ਕਿਸੇ ਨਾ ਕਿਸੇ ਨੂੰ ਜ਼ਰੂਰ ਪੁੱਛਾਂਗਾ।

*(ਇਕ ਜੋੜਾ ਆਉਂਦਾ ਹੈ।)*

ਵਿਅਕਤੀ : ਆ ਵੀ ਜਾ ਹੁਣ ਪਿੱਛੇ ਰਹਿ ਜਾਂਦੀ ਹੈ ਹਮੇਸ਼ਾਂ।

ਕੇਸੋ ਰਾਮ : ਇਕ ਜੋੜਾ ਸ਼ਹਿਰ ਤੋਂ ਆਇਆ ਹੈ ਤੇ ਪਤੀ ਥੈਲਾ ਲੈ ਕੇ ਅੱਗੇ ਚਲਾ ਗਿਆ ਤੇ ਪਤਨੀ ਪਿਛੇ ਰਹਿ ਗਈ। ਪਤਨੀਆਂ ਹਮੇਸ਼ਾਂ ਪਿੱਛੇ ਰਹਿ ਜਾਂਦੀਆਂ ਨੇ, ਸ਼ਾਇਦ ਪਤਨੀਆਂ ਇਹੀ ਚਾਹੁੰਦੀਆਂ ਨੇ ਕਿ ਪਤੀ ਅੱਗੇ ਨਿਕਲ ਜਾਏ ਤੇ ਫੇਰ ਪਿਆਰ ਨਾਲ ਅਵਾਜ਼ ਦੇਵੇ, ਓ... ਆ ਵੀ ਜਾ ਹੁਣ। ਇਹ ਸ਼ਾਇਦ ਉਹਦੇ ਪਿਆਰ ਦੀ ਨਿਸ਼ਾਨੀ ਹੈ। ਪਤੀ ਆਪਦੀ ਪਤਨੀ ਨੂੰ ਬਹੁਤ ਪਿਆਰ ਕਰਦਾ ਹੈ ਜਿਵੇਂ ਮੈਂ ਆਪਣੀ ਪਤਨੀ ਤੇ ਬੱਚਿਆਂ ਨੂੰ ਪਿਆਰ ਕਰਦਾ, ਇਹਦੇ ਕੋਲ ਮੇਰੇ ਸਵਾਲ ਦਾ ਜਵਾਬ ਜ਼ਰੂਰ ਹੋਵੇਗਾ।
ਸਤਿ ਸ੍ਰੀ ਅਕਾਲ

ਕੇਸੋ ਰਾਮ : ਬੇਟਾ ਤੁਹਾਡੇ ਕੋਲੋਂ ਸਵਾਲ ਪੁੱਛਣਾ

ਬੰਦਾ : ਪੁੱਛ ਬਈ।

ਕੇਸੋ ਰਾਮ : ਇਹ ਜਿਹੜਾ ਗੱਦੀ 'ਤੇ ਸੇਠ ਬੈਠਾ ਹੈ ਇਹਦੀਆਂ 40 ਕੋਠੀਆਂ ਵਿਚੋਂ ਮੈਂ ਇਕ ਕੋਠੀ ਵਿਚ ਰਹਿੰਦਾ। ਮੈਂ ਇਸ ਕੋਠੜੀ ਦਾ ਦੋ ਮਹੀਨੇ ਦਾ ਕਿਰਾਇਆ ਨਹੀਂ ਦੇ ਸਕਿਆ ਕਿਉਂਕਿ ਜਿਹੜੇ ਕਿਰਾਇਆ ਦੇਣ ਵਾਸਤੇ ਮੈਂ ਪੈਸੇ ਰੱਖੇ ਸੀ ਉਹ ਮੈਨੂੰ ਪਤਨੀ ਦੇ ਇਲਾਜ ਲਈ ਡਾਕਟਰ ਨੂੰ ਦੇਣੇ ਪੈ ਗਏ ਨੇ ਦਵਾਈ ਵੀ ਲੈਣੀ ਪਈ ਮੈਂ ਇਹਦੇ ਕੋਲੋਂ ਦੋ ਮਹੀਨੇ ਦੀ ਮੋਹਲਤ ਮੰਗੀ ਤਾਂ ਇਹਨੇ ਮੈਨੂੰ ਗਾਲ੍ਹ ਕੱਢ ਦਿੱਤੀ। ਮੇਰੀ ਪਤਨੀ ਨੂੰ ਸੂਰਨੀ ਆਖ ਦਿੱਤਾ, ਜਿਸ ਤਰ੍ਹਾਂ ਮੈਂ ਸੂਰ ਹਾਂ ਤੇ ਮੇਰੇ ਛੋਟੇ ਬੱਚੇ ਸੂਰ ਦੇ ਬੱਚੇ ਨੇ। ਕੀ ਮੈਂ ਇਹਦਾ ਕੁਝ ਕਰ ਸਕਦਾ?

ਬੰਦਾ : ਦੇਖ ਬਈ ਤੇਰਾ ਸਵਾਲ ਬੜਾ ਗੰਭੀਰ ਹੈ, ਮੈਂ ਇਸ ਬਾਰੇ ਸੋਚਾਂਗਾ।

ਪਤਨੀ : ਵਿਚਾਰਾ ਪਾਗਲ ਹੋ ਗਿਆ।

ਬੰਦਾ : ਓ ਆ ਵੀ ਜਾ ਹੁਣ।

*(ਦੋਵੇਂ ਜਾਂਦੇ ਹਨ)*

ਕੇਸੋ ਰਾਮ : ਦੋਵੇਂ ਚਲੇ ਗਏ ਨੇ, ਮੇਰੇ ਬਾਰੇ ਗੱਲਾਂ ਕਰਨਗੇ, ਗੱਲਾਂ ਵਿਚ ਮੇਰੇ ਨਾਲ ਹਮਦਰਦੀ ਵੀ ਕਰਨਗੇ ਪਰ ਮੈਨੂੰ ਸਮਝਣਗੇ ਵਿਚਾਰਾ ਦੁੱਖ ਨਾਲ ਪਗਲਾ ਹੋ ਗਿਆ। ਪਤਨੀ ਨੇ ਤੇ ਆਖ ਹੀ ਦਿੱਤਾ ਸੀ ਵਿਚਾਰਾ ਪਗਲਾ ਹੋ ਗਿਆ—ਪਰ ਸੇਠ ਨੇ ਮੈਨੂੰ ਗਾਲ੍ਹ ਕਿਉਂ ਕੱਢੀ। ਇਸਦਾ ਜਵਾਬ ਮੈਂ ਜ਼ਰੂਰ ਲਵਾਂਗਾ। (ਆਪਣੇ ਨਾਲ) ਠੀਕ ਏ ਮੈਂ ਇਸਦੇ ਕਮਰੇ ਵਿਚ। ਪਰ ਸੇਠ ਨੇ ਵੀ ਮੇਰਾ ਕੋਈ ਖਿਆਲ ਕੀਤਾ, ਜਿਸ ਕੋਠੜੀ ਵਿਚ ਮੈਂ ਰਹਿੰਦਾ ਪਿਛਲੀਆਂ ਬਰਸਾਤਾਂ ਵਿਚ ਉਹਦੀ ਛੱਤ ਚੋਂਦੀ ਰਹੀ। ਉਹਦੀ ਪੌੜੀ ਟੁੱਟੀ ਰਹੀ, ਮੈਂ ਸੇਠ ਨੂੰ ਕਿੰਨੀ ਵਾਰੀ ਆਖਿਆ ਕਿ ਸੇਠ ਕਿ ਮੁਰੰਮਤ ਕਰਵਾ ਦਿਓ, ਮੇਰੇ ਬੱਚੇ ਖੇਡਦੇ ਡਿੱਗ ਪੈਣਗੇ, ਪਰ ਉਹਨੇ ਪ੍ਰਵਾਹ ਨਹੀਂ ਕੀਤੀ। ਮੇਰੀ ਸੱਤ ਸਾਲ ਦੀ ਬੱਚੀ ਪੌੜੀਆਂ ਤੋਂ ਡਿੱਗ ਪਈ, ਉਹਦੀ ਬਾਂਹ ਟੁੱਟ ਗਈ... ਪਰ ਸੇਠ ਨੇ ਮੈਨੂੰ ਗਾਲ੍ਹ ਕਿਉਂ ਕੱਢੀ ਦੋ ਮਹੀਨੇ ਦਾ ਕਿਰਾਇਆ ਸੀ, 30 ਰੁਪਏ ਦੀ ਗੱਲ ਸੀ। ਅੱਗੇ ਮੈਂ ਉਹਨੂੰ ਕਿਰਾਇਆ ਦਿੰਦਾ ਹੀ ਰਿਹਾ, ਦੋ ਮਹੀਨੇ ਨਹੀਂ ਜੇ ਦੇ ਸਕਿਆ ਤਾਂ ਕੀ ਹੋਇਆ, ਪਰ ਉਹਨੇ ਮੈਨੂੰ ਗਾਲ੍ਹ ਕਿਉਂ ਕੱਢੀ ਕੀ ਮੈਂ ਉਹਦਾ ਕੁਝ ਕਰ ਸਕਦਾਂ।

*(ਪ੍ਰੋਫੈਸਰ ਆਉਂਦਾ ਹੈ।)*

ਇਹ ਪ੍ਰੋਫੈਸਰ ਸਾਹਿਬ ਨੇ ਤੇ ਇਨ੍ਹਾਂ ਦੇ ਦੋ ਬੱਚੇ ਹਨ। ਬੜੇ ਚੰਗੇ ਬੱਚੇ ਹਨ ਮੇਰੇ ਕੋਲੋਂ ਮੂੰਗਫਲੀ ਵੀ ਲੈ ਕੇ ਜਾਂਦੇ ਨੇ। ਸੇਠ ਦੇ ਬੱਚਿਆਂ ਵਾਂਗ ਖਰੂਦੀ ਨਹੀਂ। ਇਹ ਬੜੀਆਂ ਸੋਣੀਆਂ ਕਿਤਾਬਾਂ ਪੜ੍ਹਦੇ ਨੇ। ਇਨ੍ਹਾਂ ਕੋਲ ਮੇਰੇ ਸਵਾਲ ਦਾ ਜਵਾਬ ਜ਼ਰੂਰ ਹੋਵੇਗਾ।
ਪ੍ਰੋਫੈਸਰ ਸਾਹਿਬ, ਪ੍ਰੋਫੈਸਰ ਸਾਹਿਬ...

ਪ੍ਰੋਫੈਸਰ : ਆ ਬਈ ਕੇਸੋ ਰਾਮ

ਕੇਸੋ ਰਾਮ : ਤੁਹਾਡੇ ਕੋਲੋਂ ਇਕ ਸਵਾਲ ਪੁੱਛਣਾ

ਪ੍ਰੋਫੈਸਰ : ਪੁੱਛ ਬਈ ਪੁੱਛ।

ਕੇਸੋ ਰਾਮ : ਮੈਂ ਸੇਠ ਨੂੰ ਦੋ ਮਹੀਨੇ ਦਾ ਕਿਰਾਇਆ ਨਹੀਂ ਦੇ ਸਕਿਆ, ਉਹਨੇ ਮੈਨੂੰ ਗਾਲ੍ਹ ਕੱਢ ਦਿੱਤੀ, ਮੇਰੀ ਘਰਦੀ ਨੂੰ ਸੂਰਨੀ ਕਹਿ ਦਿੱਤਾ। ਇਹਦਾ ਮਤਲਬ ਹੋਇਆ ਕਿ ਮੈਂ ਸੂਰ, ਮੇਰੇ ਬੱਚੇ ਸੂਰ ਦੇ ਬੱਚੇ। ਮੈਂ ਇਹਦਾ ਕੁਝ ਕਰ ਸਕਦਾਂ! ਤੁਹਾਡੇ ਕੋਲ ਏਨੀਆਂ ਵੱਡੀਆਂ ਕਿਤਾਬਾਂ ਨੇ, ਤੁਹਾਡੇ ਕੋਲ ਮੇਰੇ ਸਵਾਲ ਦਾ ਜ਼ਵਾਬ ਜ਼ਰੂਰ ਹੋਵੇਗਾ... ਜਦੋਂ ਮੈਂ ਨਿੱਕਾ ਜਿਹਾ ਸੀ ਖੰਨਾ ਸਾਹਿਬ ਦਾ ਬੇਟਾ ਟਾਈ ਲਾ ਕੇ ਜਾਂਦਾ ਸੀ। ਮੇਰੇ ਕਮੀਜ ਦੇ ਬਟਨ ਵੀ ਟੁੱਟੇ ਹੁੰਦੇ ਸੀ। ਇਹ

ਕਿਉਂ, ਕੀ ਇਨ੍ਹਾਂ ਗੱਲਾਂ ਦਾ ਜਵਾਬ ਇਨ੍ਹਾਂ ਕਿਤਾਬਾਂ ਵਿਚ ਹੈ ? ਜ਼ਰੂਰ ਹੋਵੇਗਾ।

ਪ੍ਰੋਫੈਸਰ : ਦੇਖ ਬਈ ਕੇਸੋ, ਇਨ੍ਹਾਂ ਕਿਤਾਬਾਂ ਵਿਚ ਭਾਰਤ ਦਾ ਸੰਵਿਧਾਨ ਹੈ। ਇਹ ਇੰਗਲੈਂਡ ਦੇ ਸੰਵਿਧਾਨ ਨਾਲ ਕਿੰਨਾ ਮਿਲਦਾ, ਅਮਰੀਕਾ ਦੇ ਸੰਵਿਧਾਨ ਤੋਂ ਇਹਦਾ ਇਨਾਂ ਫਰਕ ਹੈ। ਇਨ੍ਹਾਂ ਗੱਲਾਂ ਦਾ ਜ਼ਿਕਰ ਹੈ ਪਰ ਟਾਈ ਅਤੇ ਟੁੱਟੇ ਬਟਨ ਦਾ ਫਰਕ ਕਿਉਂ ਹੈ ਇਸਦਾ ਜ਼ਿਕਰ ਉਨ੍ਹਾਂ ਵਿਚ ਨਹੀਂ।

ਕੇਸੋ ਰਾਮ : ਹਾਂ ਪ੍ਰੋਫੈਸਰ ਸਾਹਿਬ ਇਨ੍ਹਾਂ ਕਿਤਾਬਾਂ ਵਿਚ ਇਨ੍ਹਾਂ ਗੱਲਾਂ ਦਾ ਕੋਈ ਜਵਾਬ ਨਹੀਂ ਕਿਉਂ ਜੇ ਇਕ ਬੱਚੇ ਦਾ ਬਾਪ ਬਿਮਾਰ ਹੋ ਕੇ ਮਰ ਜਾਏ ਤਾਂ ਉਹਦੀ ਪੜ੍ਹਾਈ ਵਿਚੇ ਛੁੱਟ ਜਾਂਦੀ ਹੈ, ਕਿਉਂ ਸਾਰੀ ਰਾਤ ਬੱਚਾ ਆਪਣੀ ਮਾਂ ਨਾਲ ਬੈਠ ਕੇ ਮੂੰਗਫਲੀ ਦੇ ਲਿਫਾਫੇ ਬਣਾਂਦਾ ਹੈ ਤੇ ਹਿਸਾਬ ਲਾਉਂਦਾ ਰਹਿੰਦਾ ਹੈ ਕਿ ਕਿੰਨੇ ਪੈਸੇ ਬਨਣਗੇ, ਕਿਉਂ ਉਹ ਚੌਂਕ 'ਤੇ ਖੜ ਕੇ ਉਡੀਕਦਾ ਰਹਿੰਦਾ ਹੈ ਕਿ ਕਦੋਂ ਲਾਲ ਬੱਤੀ ਹੋਵੇ ਤੇ ਕੋਈ ਕਾਰ ਰੁਕੇ ਤੇ ਉਸਦਾ ਮੂੰਗਫਲੀ ਦਾ ਲਿਫਾਫਾ ਵਿਕੇ। ਉਸਦੀ ਬੱਚੀ ਦੀ ਪੌੜੀਆਂ ਤੋਂ ਡਿੱਗ ਕੇ ਬਾਂਹ ਟੁੱਟ ਜਾਂਦੀ ਹੈ। ਕਿਉਂ ਜੋ ਉਹ ਦੋ ਮਹੀਨੇ ਦਾ ਕਿਰਾਇਆ ਨੀ ਦੇ ਸਕਦਾ ਤੇ ਉਸਦੀ ਪਤਨੀ ਨੂੰ ਸੂਰਨੀ ਕਹਿ ਦਿੱਤਾ ਜਾਂਦਾ ਹੈ। ਕੀ ਇਨ੍ਹਾਂ ਸੇਠਾਂ ਦੀਆਂ ਪਤਨੀਆਂ ਨਹੀਂ ਜੰਮਦੀਆਂ। ਜੰਮਦੀਆ ਨੇ ਤਾਂ ਉਹ ਪੂਜਣ ਯੋਗ ਮਾਂ ਹੈ ਜੇ ਮੇਰੀ ਪਤਨੀ ਬੱਚੇ ਨੂੰ ਜਨਮ ਦਿੰਦੀ ਹੈ ਤਾਂ ਉਹ ਸੂਰਨੀ ਹੋ ਜਾਂਦੀ ਹੈ, ਕੀ ਇਸਦਾ ਜਵਾਬ ਇਨ੍ਹਾਂ ਕਿਤਾਬਾਂ ਵਿਚ ਤੁਹਾਡੇ ਕੋਲ ਹੈ ? ਜੇ ਨਹੀਂ ਹੈ ਤਾਂ ਇਨ੍ਹਾਂ ਕਿਤਾਬਾਂ ਨੂੰ ਅੱਗ ਲਾ ਦਿਓ। ਆ ਵੇਖੋ ਪ੍ਰੋਫੈਸਰ ਸਾਹਿਬ ਇਹ ਕਿਤਾਬਾਂ ਜਲ ਰਹੀਆਂ ਨੇ ਤੁਹਾਡਾ ਸੰਵਿਧਾਨ ਜਲ ਰਿਹਾ। ਸੜ ਗਿਆ ਜਿਹੜਾ ਕਹਿੰਦਾ ਹੈ ਹਰ ਬੱਚੇ ਨੂੰ ਪੜ੍ਹਾਈ ਦਾ ਮਿਆਦੀ ਹੱਕ ਹੈ।

ਸਾਰੇ : ਪਗਲਾ ਹੋ ਗਿਆ ਬੇਚਾਰਾ